**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸਃ ਜੋਗਿੰਦਰਾ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ, ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਜੀ.ਟੀ.ਰੋਡ, ਸਰਹੰਦ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਵਿਖੇ ਸਥਿਤ ਹੈ, ਵਿੱਚ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 13.11.2018 ਦੀ ਕਾਰਵਾਈ ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ਼੍ਰੀ ਜਸਪ੍ਰੀਤ ਸਿੰਘ, ਆਈ.ਏ.ਐਸ.,
ਵਧੀਕ ਡਿਪਟੀ ਕਮਿਸ਼ਨਰ,
ਫਤਹਿਗੜ ਸਾਹਿਬ ।

2. ਇੰਜਃ ਪਰਵੀਨ ਸਲੂਜ਼ਾ,
ਵਾਤਾਵਰਣ ਇੰਜੀਨੀਅਰ (ਮੈਗਾ),
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਪਟਿਆਲਾ

3 ਇੰਜਃ ਮੋਹਿਤ ਸਿੰਗਲਾ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ, ਫਤਹਿਗੜ ਸਾਹਿਬ ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸਃ ਜੋਗਿੰਦਰਾ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ, ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਜੀ.ਟੀ.ਰੋਡ, ਸਰਹੰਦ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਸਨੇ ਦੱਸਿਆ ਕਿ ਮੈਸਃ ਜੋਗਿੰਦਰਾ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ, ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੇ ਮੋਜੂਦਾ ਪਲਾਂਟ ਜੋ ਕਿ ਜੀ.ਟੀ.ਰੋਡ, ਸਰਹੰਦ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਵਿਖੇ ਸਥਿਤ ਹੈ, ਮੋਜੂਦਾ 2 ਇੰਡਕਸ਼ਨ ਭੱਠੀਆਂ ਨੂੰ 4 ਇੰਡਕਸ਼ਨ ਭੱਠੀਆਂ, ਜਿਹਨਾਂ ਦੀ 2 ਇੰਡਕਸ਼ਨ ਭੱਠੀਆਂ ਦੀ ਕਪੈਸ਼ਟੀ 25 ਟਨ ਪ੍ਰਤੀ ਹੀਟ (ਹਰ ਇੱਕ) ਅਤੇ 2 ਇੰਡਕਸ਼ਨ ਭੱਠੀਆਂ ਦੀ ਕਪੈਸ਼ਟੀ 15 ਟਨ ਪ੍ਰਤੀ ਹੀਟ (ਹਰ ਇੱਕ) ਸਮੇਤ ਇੱਕ ਹੋਰ ਰੋਲਿੰਗ ਮਿੱਲ (ਵਾਧੇ ਤੋਂ ਬਾਅਦ ਕੁਲ 2 ਰੋਲਿੰਗ ਮਿੱਲ) ਲਗਾਕੇ ਬਿਲਟਿਸ, ਸਟੀਲ ਇੰਗਟਸ, ਟੀ.ਐਮ.ਟੀ. ਬਾਰਜ਼, ਫਲੈਟਸ ਅਤੇ ਸਟਰਕਚਰਜ਼ 90 ਟਨ/ਦਿਨ ਤੋ ਵਧਾਕੇ 1000 ਟਨ/ਦਿਨ, ਕੁਲ ਏਰੀਆ 44,201.82 ਵਰਗ ਮੀਟਰ (10.92 ਏਕੜ) (27342.01 ਵਰਗਮੀਟਰ (6.76 ਏਕੜ) ਪ੍ਰੋਜੈਕਟ ਦੇ ਨਾਲ ਲਗਦੀ ਨਵੀਂ ਜਮੀਨ ਖਰੀਦਕੇ ਅਤੇ 2510.54 ਵਰਗ ਮੀਟਰ (0.62 ਏਕੜ) ਲੀਜ਼ ਤੇ ਲੈ ਕੇ ਅਤੇ ਪਹਿਲਾਂ ਦਾ ਏਰੀਆ 14349.786 ਵਰਗ ਮੀਟਰ (3.54 ਏਕੜ) ਨੂੰ ਜੋੜਦੇ ਹੋਏ) ਜੋ ਕਿ ਜੀ.ਟੀ.ਰੋਡ, ਸਰਹੰਦ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਦੀ ਰੈਵੀਨਿਊ ਐਸਟੇਟ ਵਿੱਚ ਪੈਂਦੀ ਹੈ ਵਿੱਚ ਵਾਧੇ ਦੀ ਤਜਵੀਜ ਹੈ । ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ

ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ । ਹੁਣ ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਫਤਹਿਗੜ ਸਾਹਿਬ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਫਤਹਿਗੜ ਸਾਹਿਬ ਐਟ ਮੰਡੀ ਗੋਬਿੰਦਗੜ; ਐਗਜੈਕਟਿਵ ਅਫਸਰ ਮਿਊਸੀਪਲ ਕੌਸਲ ਮੰਡੀ ਗੋਬਿੰਦਗੜ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਤਹਿਗੜ ਸਾਹਿਬ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਤਿੰਨ ਮਹੱਤਵਪੂਰਨ ਅਖਬਾਰਾਂ ਅਰਥਾਤ ਹਿੰਦੁਸਤਾਨ ਟਾਈਮਜ਼, ਦੀ ਟ੍ਰਿਬਿਊਨ, ਅਤੇ ਪੰਜਾਬੀ ਜਾਗਰਣ ਵਿੱਚ ਮਿਤੀ 09/10/2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਖਰੜਾ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਡਾ: ਸੰਦੀਪ ਗਰਗ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਦੱਸਿਆ:-

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਜੋਗਿੰਦਰਾ ਕਾਸਟਿੰਗਜ਼ ਪ੍ਰਾਈਵੇਟ ਲਿਮਟਿਡ, |
| 2. | ਪ੍ਰੋਜੈਕਟ ਦੀ ਕਿਸਮ | : | ਸਟੀਲ ਨਿਰਮਾਣ ਇਕਾਈ (ਵਿਸਥਾਰ) |
| 3. | ਸਥਾਨ | : | ਜੀ.ਟੀ.ਰੋਡ, ਸਰਹੰਦ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ |
| 4. | ਭੱਠੀਆਂ | : | ਮੌਜੂਦਾ 2 ਇੰਡਕਸ਼ਨ ਭੱਠੀਆਂ ਨੂੰ 4 ਇੰਡਕਸ਼ਨ ਭੱਠੀਆਂ, ਜਿਹਨਾਂ ਦੀ 2 ਇੰਡਕਸ਼ਨ ਭੱਠੀਆਂ ਦੀ |

| | | | |
|---|---|---|---|
| | | | ਕਪੈਸ਼ਟੀ 25 ਟਨ ਪ੍ਰਤੀ ਹੀਟ (ਹਰ ਇੱਕ) ਅਤੇ 2 ਇੰਡਕਸ਼ਨ ਭੱਠੀਆਂ ਦੀ ਕਪੈਸ਼ਟੀ 15 ਟਨ ਪ੍ਰਤੀ ਹੀਟ (ਹਰ ਇੱਕ) ਸਮੇਤ ਇੱਕ ਹੋਰ ਰੋਲਿੰਗ ਮਿੱਲ ਲਗਾਉਣ ਦੀ ਤਜਵੀਜ਼ ਹੈ । (ਤਜਵੀਜਤ ਵਾਧੇ ਤੋਂ ਬਾਅਦ ਕੁਲ 2 ਰੋਲਿੰਗ ਮਿੱਲ) |
| 5. | 10 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | i.<br>ii.<br>iii.<br>iv.<br>v.<br>vi. | ਪੁਰਾਤੱਤਵ ਮਹੱਤਵਪੂਰਣ ਸਥਾਨ ---- Nil<br>ਜੰਗਲੀ ਜੀਵਨ ਅਸਥਾਨ ---- Nil<br>ਰਿਜ਼ਰਵਡ/ ਸੁਰੱਖਿਅਤ ਜੰਗਲ ---- Nil<br>ਇਤਿਹਾਸਕ ਸਥਾਨ ---- Nil<br>ਨਦੀ/ਨਹਿਰ ਭਾਖੜਾ ਨਹਿਰ<br>ਉਦਯੋਗ ---- ਹਰ ਤਰਾਂ ਦੇ |
| 6. | ਕੁਲ ਜ਼ਮੀਨ | : | ਪ੍ਰੋਜੈਕਟ ਦਾ ਕੁਲ ਖੇਤਰ 14,349.786 ਵਰਗ ਮੀਟਰ (ਜਾਂ 3.54 ਏਕੜ) ਸੀ । ਹੁਣ ਵਿਸਥਾਰ ਕਰਨ ਤੋ ਬਾਅਦ ਪ੍ਰੋਜੈਕਟ ਦਾ ਕੁਲ ਖੇਤਰ 44,201.85 ਵਰਗ ਮੀਟਰ ਬਣਦਾ ਹੈ । ਜਿਸ ਵਿੱਚੋ 2,510.054 ਵਰਗ ਮੀਟਰ ਲੀਜ਼ ਦੇ ਆਧਾਰ ਤੇ ਅਤੇ 27,342.01 ਵਰਗ ਮੀਟਰ ਖੇਤਰ ਖਰੀਦੇ ਗਏ ਹਨ । |

| | | | | |
|---|---|---|---|---|
| 7. | ਉਤਪਾਦ ਦਾ ਨਾਮ | ਮੌਜੂਦਾ (ਟਨ ਪ੍ਰਤੀ ਦਿਨ) | ਪ੍ਰਸਤਾਵਿਤ (ਟਨ ਪ੍ਰਤੀ ਦਿਨ) | ਕੁੱਲ (ਟਨ ਪ੍ਰਤੀ ਸਲਾਨਾ) |
| | ਬਿਲਿਟਸ, ਇੰਗਟਸ, ਟੀ.ਐਮ.ਟੀ ਬਾਰ, ਫਲੈਟ ਅਤੇ ਸਟਰਕਚਰ | 90 | 910 | 1000 |
| 8. | ਕੱਚਾ ਮਾਲ/ਸ੍ਰੋਤ | | | |
| | ਲੜੀ ਨੰਬਰ | ਕੱਚਾ ਮਾਲ | ਸ੍ਰੋਤ | ਆਵਾਜਾਈ ਦਾ ਢੰਗ |
| | 1) | ਸਕਰੈਪ ਅਤੇ ਫੈਰੋ ਅਲਾਇਜ਼ | ਸਥਾਨਕ ਬਜ਼ਾਰ | ਆਵਾਜਾਈ ਕਵਰ ਟਰੱਕਾਂ ਦੁਆਰਾ ਸੜਕ ਦੇ ਰਾਂਹੀ । ਢੋ-ਢੁਆਈ ਲਈ 55 ਟਰੱਕ ਪ੍ਰਤੀ ਦਿਨ ਲਈ ਵਰਤੇ |

| | | | |
|---|---|---|---|
| | | | ਜਾਣਗੇ ਅਤੇ 3 ਦਿਨਾਂ ਲਈ 3300 ਟਨ ਕੱਚਾ ਮਾਲ ਸਟੋਰ ਕੀਤਾ ਜਾਵੇਗਾ । |
| 9. | ਕਾਮਿਆਂ ਦੀ ਗਿਣਤੀ | : | ਮੌਜੂਦਾ – 50<br>ਪ੍ਰਸਤਾਵਿਤ – 100<br>ਕੁੱਲ – 150 |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | : | ਮੌਜੂਦਾ – 20.56 ਕਰੋੜ<br>ਪ੍ਰਸਤਾਵਿਤ – 22.85 ਕਰੋੜ<br>ਕੁੱਲ – 43.41 ਕਰੋੜ |
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ) | : | 166.5 ਲੱਖ ਅਤੇ 16 ਲੱਖ (ਆਵਰਤੀ) ਸਲਾਨਾ |
| 12. | ਲੋੜੀਦੀ ਬਿਜਲੀ (KW) | : | ਮੌਜੂਦਾ ਪ੍ਰਸਤਾਵਿਤ ਕੁੱਲ<br>9,698 20,302 30,000 |
| 13. | ਬਿਜਲੀ ਦਾ ਸ੍ਰੋਤ | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਤੋ ਬਿਜਲੀ ਪ੍ਰਾਪਤ ਕੀਤੀ ਜਾਵੇਗੀ ਜਿਸ ਲਈ ਪੀ.ਐਸ.ਪੀ.ਸੀ.ਐਲ ਦੇ ਸਮਰੱਥ ਅਧਿਕਾਰੀ ਤੋ ਐਨ.ਓ.ਸੀ ਪ੍ਰਾਪਤ ਕੀਤਾ ਜਾ ਚੁੱਕਾ ਹੈ । ਅਕੋਸਟਿਕ ਐਨਕਲੋਜ਼ਰ ਵਾਲੇ 2×500 ਕੇ.ਡਬਲਿਯੂ ਅਤੇ 1×320 ਕੇ.ਡਬਲਿਯੂ ਡੀ.ਜੀ. ਸੈਟ ਲਗਾਏ ਜਾਣਗੇ । |
| 14. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | : | ਮੌਜੂਦਾ ਪ੍ਰਸਤਾਵਿਤ ਕੁੱਲ<br>ਘਰੇਲੂ 5.0 3.0 8<br>ਠੰਡਾ ਕਰਨਾ 18.0 48.0 66<br>ਕੁੱਲ 23.0 51.0 74 |
| 15. | ਪਾਣੀ ਦ ਸਰੋਤ | : | ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਪਹਿਲਾਂ ਤੋ ਕੀਤੇ ਬੋਰ ਨੂੰ ਵਰਤਿਆ ਜਾਵੇਗਾ । ਸੀ.ਜੀ.ਡਬਲਯੂ ਏ ਦੀ ਮੰਜੂਰੀ ਲਈ ਉਨ੍ਹਾਂ ਵਲੋ ਸਮਰੱਥ ਅਧਿਕਾਰੀਆਂ ਨੂੰ ਅਰਜ਼ੀ ਦਿੱਤੀ ਹੋਈ ਹੈ। |
| 16. | ਪ੍ਰਦੂਸ਼ਤ ਪਾਣੀ ਦਾ ਮਾਤਰਾ | : | ਘਰੇਲੂ = 6.4 (ਕਿਲੋ ਲੀਟਰ ਪ੍ਰਤੀ ਦਿਨ)<br>ਠੰਡਾ ਕਰਨਾ = ਨਿਲ (ਸਾਰਾ ਠੰਡਾ ਕਰਨ ਵਾਲਾ ਪਾਣੀ ਮੁੜ ਸਰਕੂਲੇਸ਼ਨ ਵਿੱਚ ਲਿਆਂਦਾ ਜਾਵੇਗਾ) |
| 17. | ਪ੍ਰਦੂਸ਼ਿਤ ਪਾਣੀ ਦਾ | : | ਘਰੇਲੂ ਗੰਦੇ ਪਾਣੀ ਨੂੰ 10 ਕੇਐਲਡੀ ਦੀ ਪ੍ਰਸਤਾਵਿਤ ਐਸ.ਟੀ.ਪੀ ਰਾਂਹੀ ਟਰੀਟ ਕੀਤਾ ਜਾਂਦਾ |

| | | | |
|---|---|---|---|
| | ਸ਼ੁੱਧੀਕਰਨ | | ਹੈ ਜੋ ਕਿ ਪ੍ਰੋਜੈਕਟ ਪਰਿਸ਼ਰ ਦੇ ਅੰਦਰ ਹੈ । ਸ਼ੁੱਧ ਕੀਤਾ ਪਾਣੀ ਦਾ ਇਸਤੇਮਾਲ ਅੰਦਰ ਲਗਾਏ ਗਏ ਪੌਦਿਆਂ ਅਤੇ ਲੈਂਡਸਕੈਪਿੰਗ ਲਈ ਕੀਤਾ ਜਾਵੇਗਾ । |
| 18. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਸਾਈਡ ਪੱਧਰ ਦੇ ਤਿੰਨ ਮਹੀਨਿਆਂ (ਮਾਰਚ-ਮਈ, 2018) ਲਈ ਅੱਠ ਥਾਵਾਂ ਦਾ ਅਧਿਐਨ ਕੀਤਾ ਗਿਆ। ਪੀ. 98 ਪ੍ਰਦੂਸ਼ਕਾਂ ਦੇ ਮਾਪਦੰਡ ਹੇਠ ਲਿਖੇ ਅਨੁਸਾਰ ਹਨ:-<br>i. ਪੀ.ਐਮ.$_{2.5}$ - 104.1 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>ii. ਪੀ.ਐਮ.$_{10}$ - 183.52 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>iii. ਸਲਫਰ ਡਾਈਆਕਸਾਈਡ - 10.97 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>iv. ਨਾਈਟ੍ਰੋਜਨ ਡਾਈਆਕਸਾਈਡ - 25.34 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ ਅਤੇ<br>v. ਕਾਰਬਨ ਮੋਨੋਆਕਸਾਈਡ- 1.5 ਮਿਲੀਗ੍ਰਾਮ / ਮੀਟਰ ਘਣ ਹੈ।<br>ਬੇਸਲਾਈਨ ਹਵਾ ਗੁਣਵੱਤਾ ਪੱਧਰੀ ਰਿਹਾਇਸ਼ੀ ਅਤੇ ਉਦਯੋਗਿਕ ਖੇਤਰ ਲਈ ਨਿਰਧਾਰਤ ਨੈਸ਼ਨਲ ਅੰਬੀਨਟ ਏਅਰ ਕੁਆਲਿਟੀ ਸਟੈਂਡਰਡ ਦੇ ਅੰਦਰ ਹਨ (ਮਿਆਰਾਂ ਅਨੁਸਾਰ ਕ੍ਰਮਵਾਰ ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ ਲਈ 60, 100, 80 ਅਤੇ 80 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ) । ਤਜਵੀਜਤ ਵਾਧੇ ਦਾ ਹਵਾ ਦੀ ਗੁਣਵਤਾ ਉਪਰ ਅਸਰ ਪਹਿਲਾਂ ਦੀ ਤੁਲਨਾ ਵਿੱਚ ਬਹੁਤ ਘੱਟ ਹੋਵੇਗਾ । |
| 19. | ਪਾਣੀ ਦੀ ਗੁਣਵੱਤਾ | | ਰਸਾਇਣਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਤੋ ਅੱਠ ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ ਇਕ ਸਤਹ ਪਾਣੀ ਦੇ ਨਮੂਨੇ ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤ ਜਾਂ ਜਰਾਸੀਮੀ ਦੂਸ਼ਿਤ ਪਦਾਰਥ ਪਾਇਆ ਗਿਆ ਹੈ। ਪਰ ਅਧਿਐਨ ਖੇਤਰ ਦੇ ਸਤਹਿ ਪਾਣੀ ਦੇ ਨਮੂਨੇ ਬੈਕਟਰਿਅਲ ਦੂਸ਼ਿਤ ਪਾਏ ਗਏ । |

| | | | |
|---|---|---|---|
| 20. | ਸ਼ੋਰ ਵਾਤਾਵਰਣ | | ਅਧਿਐਨ ਖੇਤਰ ਵਿੱਚ 8 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। ਅਧਿਐਨ ਖੇਤਰ ਵਿੱਚ ਸ਼ੋਰ ਪੱਧਰ 52.6 ਡੀ.ਬੀ.(ਏ) ਤੋ 64.0 ਡੀ.ਬੀ. (ਏ) ਦਿਨ ਦੇ ਸਮੇ ਅਤੇ 42.1 ਡੀ.ਬੀ.(ਏ) ਤੋਂ 55.0 ਡੀ.ਬੀ.(ਏ) ਰਾਤ ਦੇ ਸਮੇਂ ਤੱਕ ਵੱਖ-ਵੱਖ ਹੁੰਦੇ ਹਨ । ਪ੍ਰੋਜੈਕਟ ਸਾਈਟ ਤੇ ਸਭ ਤੋ ਉਚੇ ਪੱਧਰਾਂ ਨੂੰ ਦੇਖਿਆ ਗਿਆ। ਬੇਸਲਾਈਨ ਸ਼ੋਰ ਦਾ ਪੱਧਰ ਰਾਸ਼ਟਰੀ ਮਾਨਕਾਂ ਦੇ ਅੰਦਰ ਪਾਇਆ ਗਿਆ। ਬਿਹਤਰ ਪ੍ਰਦੂਸ਼ਣ ਨਿਯੰਤਰਣ ਦੀ ਸਹੂਲਤ ਦੇ ਕਾਰਨ ਪ੍ਰਸਤਾਵਿਤ ਪਸਾਰ ਦਾ ਮੌਜੂਦਾ ਇਕਾਈ ਦੀ ਤੁਲਨਾ ਵਿੱਚ ਵਾਤਾਵਰਣ ਉਪਰ ਘੱਟ ਅਸਰ ਹੋਵੇਗਾ। |
| 21. | ਮਿੱਟੀ ਦੀ ਗੁਣਵੱਤਾ | | ਅਧਿਐਨ ਖੇਤਰ ਤੋ ਅੱਠ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 22. | ਹਵਾ ਪ੍ਰਦੂਸ਼ਣ ਕੰਟਰੋਲ ਯੰਤਰ | : | ਆਵਰਤੀ ਭੱਠੀਆਂ ਦੇ ਉਪਰ ਪਲਸ ਜੈਟ ਬੈਗ ਫਿਲਟਰ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਵਜੋ ਲਗਾਇਆ ਜਾਵੇਗਾ ਅਤੇ ਜਿਸ ਉਪਰ ਆਨ ਲਾਈਨ ਮੋਨਟਰਿੰਗ ਸਿਸਟਮ ਨੂੰ ਵੀ ਲਗਾਇਆ ਜਾਵੇਗਾ । |
| 23. | ਠੋਸ ਕਚਰਾ | : | ਭੱਠੀ ਚੋ ਨਿਕਲੀ ਹੋਈ 8.5 ਟਨ/ਦਿਨ ਸਲੈਗ ਨੂੰ ਟਾਇਲਾਂ ਬਨਾਉਣ ਲਈ ਵਰਤਿਆ ਜਾਵੇਗਾ ਜਿਸ ਲਈ ਉਹ ਟਾਇਲ ਨਿਰਮਾਤਾਵਾਂ ਨਾਲ ਲਿਖਿਤ ਸਮਝੋਤਾ ਕਰਨਗੇ । ਕੁਝ ਸਲੈਗ ਚੂਰਾ ਕਰਨ ਤੋ ਬਾਅਦ ਸੜਕ ਬਨਾਉਣ ਦੇ ਕੰਮ ਜਾਂ ਨੀਵੀਂ ਜਗਾ ਨੂੰ ਭਰਣ ਦੇ ਕੰਮ ਵਿੱਚ ਵਰਤਿਆ ਜਾਵੇਗਾ । |
| 24. | ਖਤਰਨਾਕ ਕਚਰਾ | | ਹਵਾ ਪ੍ਰਦੂਸ਼ਣ ਕੰਟਰੋਲ ਚੋ ਨਿਕਲਿਆ ਕਚਰਾ ਮੈਟਰ ਰਿਕਵਰੀ ਲਈ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਿਖੇ ਭੇਜਿਆ ਜਾਵੇਗਾ । ਜੇਕਰ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਲੋ ਇਹ ਵੇਸਟ ਲੈਣ ਤੋਂ ਮਨਾਂ ਕੀਤਾ |

| | | | |
|---|---|---|---|
| | | | ਜਾਂਦਾ ਹੈ ਤਾਂ ਇਸ ਦੀ ਡਿਸਪੋਜ਼ਲ ਲਈ ਇਹ ਟੀ.ਐਸ.ਡੀ.ਐਫ ਜਗਾ ਤੇ ਭੇਜ਼ ਦਿੱਤਾ ਜਾਵੇਗਾ। ਜਨਰੇਟਰ ਵਿੱਚ ਵਰਤਿਆ ਹੋਇਆ ਤੇਲ ਡਰਮ ਵਿੱਚ ਰਖਿਆ ਜਾਵੇਗਾ ਅਤੇ ਰੀਸਾਇਕਲਰ ਨੂੰ ਵੇਚ ਦਿੱਤਾ ਜਾਵੇਗਾ। |
| 25. | ਨਿਗਰਾਨੀ ਸੈੱਲ | 1.<br>2.<br>3. | ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>ਮਾਲਕ<br>ਪ੍ਰੋਜੈਕਟ ਇੰਚਾਰਜ<br>ਵਾਤਾਵਰਨ ਸਲਾਹਕਾਰ |
| 26. | ਸੀ.ਈ.ਆਰ ਗਤੀਵਿਧੀਆਂ | : | ਇੰਡਸਟਰੀ ਵਲੋਂ 22 ਲੱਖ ਰੁਪਏ ਰੱਖੇ ਗਏ ਹਨ ਜੋ ਕਿ ਸੀ.ਈ.ਆਰ ਗਤੀਵਿਧੀਆਂ ਤੇ ਖਰਚ ਕੀਤੇ ਜਾਣਗੇ ਜਿਵੇਂ ਕਿ ਔਰਤਾਂ ਲਈ ਪਖਾਨੇ ਬਨਾਉਣਾ, ਬੂਟੇ ਲਗਾਉਣੇ, ਪਿੰਡ ਦੇ ਟੋਬੇ ਦੀ ਸਫਾਈ, ਸਰਕਾਰੀ ਮਿੱਡਲ ਸਕੂਲ ਤਲਵਾੜਾ ਅਤੇ ਸਮਸ਼ਾਨ ਘਾਟ ਦੇ ਰਿਪੇਅਰ ਕੰਮ ਆਦਿ । |

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| **ਲੜੀ ਨੰ:** | **ਵਿਅਕਤੀ ਦਾ ਨਾਂ** | **ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ** | **ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ** |
|---|---|---|---|
| 1 | ਸ੍ਰੀ ਹਰਪ੍ਰੀਤ ਸਿੰਘ, ਵਾਸੀ ਪਿੰਡ ਤਲਵਾੜਾ, ਜਿਲਾ | ਉਸਨੇ ਕਿਹਾ ਕਿ ਇੰਡਸਟਰੀ ਨੂੰ ਗੰਦੇ ਪਾਣੀ (ਵੇਸਟ ਵਾਟਰ) ਅਤੇ ਸੁਆਹ ਦੀ | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਘਰੈਲੂ ਗੰਦੇ ਪਾਣੀ ਨੂੰ ਸੋਧਣ |

| | | | |
|---|---|---|---|
| | ਫਤਹਿਗੜ੍ਹ ਸਾਹਿਬ । | ਸਮੱਸਿਆ ਨੂੰ ਹੱਲ ਕਰਨਾ ਚਾਹੀਦਾ ਹੈ । | ਲਈ ਇੱਕ ਐਸ.ਟੀ.ਪੀ. ਲਗਾਇਆ ਜਾਵੇਗਾ ਅਤੇ ਸੋਧਿਆ ਹੋਇਆ ਪਾਣੀ ਇੰਡਸਟਰੀ ਦੇ ਅੰਦਰ ਹੀ ਸਿੰਚਾਈ ਵਜੋਂ ਵਰਤਿਆ ਜਾਵੇਗਾ । ਹਵਾ ਪ੍ਰਦੂਸ਼ਣ ਯੰਤਰ ਤੋਂ ਪੈਦਾ ਹੋਈ ਡਸਟ/ਸੁਆਹ ਨੂੰ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਕੋਲ ਇਸ ਵਿੱਚੋਂ ਮੈਟਲ ਰਿਕਵਰੀ ਲਈ ਭੇਜ ਦਿੱਤੀ ਜਾਵੇਗੀ ਅਤੇ ਸੁਆਹ/ਏਪੀਸੀਡੀ ਡੱਸਟ ਨੂੰ ਖੁੱਲੇ ਏਰੀਏ ਵਿੱਚ ਨਹੀਂ ਸੁੱਟਿਆ ਜਾਵੇਗਾ । |
| 2 | ਸ੍ਰੀ ਅਮਰਿੰਦਰ ਸਿੰਘ, ਮੰਡੀ ਗੋਬਿੰਦਗੜ੍ਹ, ਜਿਲਾ ਫਤਹਿਗੜ੍ਹ ਸਾਹਿਬ | ਉਸਨੇ ਕਿਹਾ ਇੱਥੇ ਮੁੱਖ ਸਮੱਸਿਆ ਖਰਾਬ ਸੜਕ ਦੀ ਹੈ । ਉਸ ਨੇ ਅੱਗੇ ਕਿਹਾ ਕਿ ਓਵਰਲੋਡ ਵਹੀਕਲ ਸੜਕਾਂ ਨੂੰ ਤੋੜ ਦਿੰਦੇ ਹਨ ਜਿਸ ਨਾਲ ਨੇੜੇ ਦੇ ਇਲਾਕੇ ਦੇ ਲੋਕਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ । | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਜਿੱਥੋ ਤੱਕ ਸੜਕ ਦੀ ਸਮੱਸਿਆ ਦਾ ਸਵਾਲ ਹੈ, ਸਰਕਾਰ ਇਸ ਸਮੱਸਿਆ ਨੂੰ ਹੱਲ ਕਰਨ ਲਈ ਯੋਜ਼ਨਾ ਬਣਾ ਰਹੀ ਹੈ । ਮੰਡੀ ਗੋਬਿੰਦਗੜ੍ਹ ਦੀ ਇੰਡਸਟਰੀਅਲ ਐਸੋਸੀਏਸ਼ਨ ਵੀ ਇਹ ਮਸਲਾ ਸਰਕਾਰ ਕੋਲ ਉਠਾ ਰਹੀ ਹੈ । ਉਸ ਨੇ ਅੱਗੇ ਦੱਸਿਆ ਕਿ ਇੰਡਸਟਰੀ ਯੂਨਿਟ ਵਿੱਚ ਆਉਣ ਵਾਲੇ ਵਾਹਨਾਂ ਲਈ ਇੰਟਰਲੋਕ ਟਾਇਲ ਪਾਰਕਿੰਗ ਤਿਆਰ ਕਰਵਾ ਰਹੀ ਹੈ । |
| 3 | ਸ੍ਰੀ ਰਾਜ਼ਨ, ਵਾਸੀ ਤਲਵਾੜਾ, ਜਿਲਾ ਫਤਹਿਗੜ੍ਹ ਸਾਹਿਬ | ਉਸ ਨੇ ਕਿਹਾ ਕਿ ਇੰਡਸਟਰੀਆਂ ਤੋਂ ਕਾਲਾ ਧੂੰਆਂ ਦੂਰ ਏਰੀਏ ਤੱਕ ਜਾ ਰਿਹਾ ਹੈ, ਇੰਡਸਟਰੀ ਇਸ ਸਮੱਸਿਆ ਨੂੰ ਕਿਵੇਂ ਨਜੀਠੇ ਗਈ । | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਇੰਡਸਟਰੀ ਤੋ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਪਲਸ ਜੈਟ ਬੈਗ ਫਿਲਟਰ ਪ੍ਰਦੂਸ਼ਣ ਰੋਕਥਾਮ ਯੰਤਰ ਵਜੋ਼ ਅਤੇ ਪੀ.ਐਸ.ਸੀ.ਐਸ.ਟੀ, ਚੰਡੀਗੜ੍ਹ ਵਲੋ ਡਿਜ਼ਾਇਨ ਸਾਇਡ ਹੂਡਜ਼ ਲਗਾਏ ਜਾਣਗੇ । ਇੰਡਸਟਰੀ ਤੋ ਹੋਣ ਵਾਲੇ ਪ੍ਰਦੂਸ਼ਣ ਨੂੰ ਚੈਕ ਕਰਨ ਲਈ ਪ੍ਰਦੂਸ਼ਣ ਰੋਕਥਾਮ ਯੰਤਰ ਉਪਰ ਆਨਲਾਈਨ ਮੋਨੀਟਰਿੰਗ ਸਿਸਟਮ ਵੀ ਲਗਾਇਆ ਜਾਵੇਗਾ ਜਿਸ ਦੇ ਨਤੀਜ਼ੇ ਬੋਰਡ ਦੀ ਵੈਬਸਾਈਟ ਤੇ ਡਿਸਪਲੇਅ ਕੀਤੇ ਜਾਣਗੇ। ਇਸ ਕਰਕੇ ਇੰਡਸਟਰੀ ਦੇ |

| | | | |
|---|---|---|---|
| | | | ਪ੍ਰਸਤਾਵਿਤ ਵਾਧੇ ਤੋਂ ਕੋਈ ਵੀ ਪ੍ਰਦੂਸ਼ਣ ਨਹੀਂ ਹੋਵੇਗਾ । |
| 4 | ਸ੍ਰੀ ਪਲਵਿੰਦਰ ਸਿੰਘ, ਵਾਸੀ ਤਲਵਾੜਾ, ਜਿਲਾ ਫਤਹਿਗੜ ਸਾਹਿਬ । | ਉਸ ਨੇ ਕਿਹਾ ਕਿ ਉਹਨਾਂ ਦੇ ਪਿੰਡ ਦੇ ਸਰਕਾਰੀ ਸਕੂਲ ਦੀ ਹਾਲਤ ਬਹੁਤ ਖਰਾਬ ਸੀ, ਪ੍ਰੰਤੂ ਇੰਡਸਟਰੀ ਵਲੋ ਇਸ ਨੂੰ ਅਪਣਾਇਆ ਗਿਆ ਹੈ ਅਤੇ ਹੁਣ ਉਹ ਇਸ ਦੀ ਦੇਖ-ਭਾਲ ਕਰ ਰਹੀ ਹੈ । ਇੰਡਸਟਰੀ ਨੇ ਸਾਡੇ ਪਿੰਡ ਦੇ ਸਮਸ਼ਾਨ ਘਾਟ ਵਿੱਚ ਸ਼ੈਡ ਬਣਵਾਇਆ ਅਤੇ ਉਥੇ ਦਰੱਖਤ ਵੀ ਲਗਾਏ ਹਨ । ਉਹ ਮੰਗ ਕਰਦਾ ਹੈ ਕਿ ਪਿੰਡ ਦੇ ਸਕੂਲ ਵਿੱਚ ਪੱਕਾ ਫਰਸ ਲਗਵਾਇਆ ਜਾਵੇ ਅਤੇ ਬੱਚਿਆਂ ਲਈ ਇੱਕ ਖੇਡ ਦਾ ਮੈਦਾਨ ਤਿਆਰ ਕਰਵਾਇਆ ਜਾਵੇ । ਉਸ ਨੇ ਇਹ ਵੀ ਮੰਗ ਕੀਤੀ ਉਹਨਾਂ ਦੇ ਪਿੰਡ ਵਿੱਚ ਸਰਕਾਰੀ ਸਕੂਲ ਵਿੱਚ ਪੜ ਰਹੇ ਗਰੀਬਾਂ ਪਰਿਵਾਰਾਂ ਦੇ ਬੱਚਿਆਂ ਨੂੰ ਗਰਮ ਵਰਦੀ ਦਿੱਤੀ ਜਾਵੇ । ਉਸ ਨੇ ਕਿਹਾ ਕਿ ਉਹਨਾਂ ਦੇ ਪਿੰਡ ਵਿੱਚ 2 ਅਪਾਹਜ ਵਿਅਕਤੀ ਰਹਿੰਦੇ ਹਨ ਅਤੇ ਉਹ ਮੰਗ ਕਰਦਾ ਹੈ ਕਿ ਇੰਡਸਟਰੀ ਆਪਣੇ ਯੂਨਿਟ ਵਿੱਚ ਉਹਨਾਂ ਨੂੰ ਰੋਜਗਾਰ ਦੇਵੇ । ਉਸ ਨੇ ਅੱਗੇ ਕਿਹਾ ਕਿ ਇੰਡਸਟਰੀ ਨੇ ਨੇੜੇ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮ ਕੀਤੇ ਹਨ ਜਿਸ ਲਈ ਉਹ ਉਸਦਾ ਧੰਨਵਾਦ ਕਰਦਾ ਹੈ । | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਤਲਵਾੜਾ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੱਕਾ ਫਰਸ ਲਗਵਾਇਆ ਦਿੱਤਾ ਜਾਵੇਗਾ ਅਤੇ ਬੱਚਿਆਂ ਲਈ ਇੱਕ ਖੇਡ ਦਾ ਮੈਦਾਨ ਤਿਆਰ ਕਰਵਾਇਆ ਜਾਵੇਗਾ । ਉਸ ਨੇ ਅੱਗੇ ਦੱਸਿਆ ਕਿ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੜ ਰਹੇ ਗਰੀਬਾਂ ਪਰਿਵਾਰਾਂ ਦੇ ਬੱਚਿਆਂ ਨੂੰ ਗਰਮ ਵਰਦੀ ਦਿੱਤੀ ਜਾਵੇ । ਉਸ ਨੇ ਇਹ ਵੀ ਦੱਸਿਆ ਪਿੰਡ ਤਲਵਾੜਾ ਦੇ 2 ਅਪਾਹਜ ਵਿਅਕਤੀਆਂ, ਜਿਸ ਦੀ ਮੰਗ ਕੀਤੀ ਗਈ ਹੈ, ਨੂੰ ਇੰਡਸਟਰੀ ਵਿੱਚ ਮੇਲ ਯੋਗ ਥਾਂ ਤੇ ਨੋਕਰੀਆਂ ਦਿੱਤੀਆਂ ਜਾਣਗੀਆਂ । |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਵਿਸਤਾਰ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੋਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ

ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਜਨਤਕ ਸੁਣਵਾਈ ਵਿੱਚ 46 ਵਿਅਕਤੀਆਂ ਨੇ ਹਿੱਸਾ ਲਿਆ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਮੋਹਿਤ ਸਿੰਗਲਾ)**<br>ਸਹਾਇਕ ਵਾਤਾਵਰਣ ਇੰਜੀਨੀਅਰ<br>ਪੀਪੀਸੀਬੀ, ਖੇਤਰੀ ਦਫਤਰ,<br>ਫਤਹਿਗੜ ਸਾਹਿਬ | **(ਪਰਵੀਨ ਸਲੂਜਾ)**<br>ਵਾਤਾਵਰਣ ਇੰਜੀਨੀਅਰ (ਮੈਗਾ)<br>ਪੀਪੀਸੀਬੀ ਪਟਿਆਲਾ | **(ਜਸਪ੍ਰੀਤ ਸਿੰਘ), ਆਈ.ਏ.ਐਸ.**<br>ਅਡੀਸ਼ਨਲ ਡਿਪਟੀ ਕਮਿਸ਼ਨਰ,<br>ਫਤਹਿਗੜ ਸਾਹਿਬ |